# ਫੁੱਲ ਫਾਈਬਰ ਇੰਸਟਾਲੇਸ਼ਨ ਦੌਰਾਨ ਤੁਸੀ ਕੀ ਉਮੀਦ ਕਰ ਸਕਦੇ ਹੋ




CityFibre

# CITYFIBRE ਵੱਲੋਂ ਸਤਿ ਸ਼੍ਰੀ ਅਕਾਲ ਜੀ

- ਸਾਡੇ ਕੋਲ ਯੂਕੇ ਦਾ **ਸਭ ਤੋਂ ਵੱਡਾ** ਸੁਤੰਤਰ **ਫੁੱਲ ਫਾਈਬਰ ਨੈੱਟਵਰਕ** ਹੈ
- ਅਸੀਂ ਕੋਈ ਬ੍ਰੌਡਬੈਂਡ ਪ੍ਰਦਾਤਾ ਨਹੀਂ ਹਾਂ, ਪਰ ਸਾਡਾ ਨੈੱਟਵਰਕ ਤੁਹਾਨੂੰ **ਬ੍ਰੌਡਬੈਂਡ ਪ੍ਰਦਾਤਾਵਾਂ ਦੀ ਇੱਕ ਵਿਸ਼ਾਲ ਚੋਣ** ਰਾਹੀਂ **ਬਹੁਤ ਤੇਜ਼**, ਜ਼ਿਆਦਾ **ਭਰੋਸੇਯੋਗ** ਬ੍ਰੌਡਬੈਂਡ ਪ੍ਰਦਾਨ ਕਰਦਾ ਹੈ
- ਸਾਡਾ ਨੈੱਟਵਰਕ **3 ਮਿਲੀਅਨ** ਤੋਂ ਵੱਧ ਘਰਾਂ ਵਿੱਚ ਉਪਲਬਧ ਹੈ
- ਹਰ ਰੋਜ਼ **100,000** ਤੋਂ ਵੀ ਵੱਧ ਗਾਹਕ ਆਪਣੇ ਬ੍ਰੌਡਬੈਂਡ ਲਈ ਸਾਡੇ ਨੈੱਟਵਰਕ ਨਾਲ ਜੁੜਦੇ ਹਨ

# ਫੁੱਲ ਫਾਈਬਰ — ਸਿੱਧਾ ਤੁਹਾਡੇ ਘਰ ਤੱਕ

## ਮਿਆਰੀ ਫਾਈਬਰ

ਜ਼ਿਆਦਾਤਰ ਫਾਈਬਰ ਬ੍ਰੌਡਬੈਂਡ ਪ੍ਰਦਾਤਾ ਤੁਹਾਡੀ ਗਲੀ ਵਿੱਚ ਲੱਗੀ ਕੈਬਨਿਟ ਤੱਕ ਤੇਜ਼ ਫਾਈਬਰ ਕੇਬਲਾਂ ਦੀ ਵਰਤੋਂ ਕਰਦੇ ਹਨ, ਪਰ ਅੱਗੇ ਤੁਹਾਡੇ ਘਰ ਨਾਲ ਜੋੜਨ ਲਈ ਧੀਮੀ ਕਾਪਰ ਕੇਬਲਾਂ ਵਰਤਦੇ ਹਨ।




## ਫੁੱਲ ਫਾਈਬਰ

ਫੁੱਲ ਫਾਈਬਰ ਬ੍ਰੌਡਬੈਂਡ ਤੇਜ਼ ਫਾਈਬਰ ਕੇਬਲਾਂ ਦੀ ਵਰਤੋਂ ਕਰਦਾ ਹੈ ਜੋ ਤੁਹਾਡੇ ਘਰ ਤੱਕ ਆਉਂਦੀਆਂ ਹਨ ਅਤੇ ਇੱਕ ਤੇਜ਼ ਅਤੇ ਭਰੋਸੇਮੰਦ ਕਨੈਕਸ਼ਨ ਪ੍ਰਦਾਨ ਕਰਦੀਆਂ ਹਨ।



# ਫੁੱਲ ਫਾਈਬਰ ਦਾ ਕੋਈ ਮੁਕਾਬਲਾ ਨਹੀਂ ਹੈ

ਇੱਕ ਮਿਆਰੀ ਬ੍ਰੌਡਬੈਂਡ ਕਨੈਕਸ਼ਨ ਦੀ ਤੁਲਨਾ ਵਿੱਚ ਫੁੱਲ ਫਾਈਬਰ ਬ੍ਰੌਡਬੈਂਡ ਦੇ ਅਨੇਕਾਂ ਲਾਭ ਹਨ, ਜਿਵੇਂ ਕਿ:

## ਬਹੁਤ ਹੀ ਤੇਜ਼ ਸਪੀਡ

ਤੁਸੀਂ ਮਿਆਰੀ ਬ੍ਰੌਡਬੈਂਡ ਨਾਲੋਂ 25 ਗੁਣਾ ਤੇਜ਼ ਸਪੀਡ* ਦਾ ਆਨੰਦ ਮਾਣ ਸਕਦੇ ਹੋ

## ਭਰੋਸੇਯੋਗ ਅਤੇ ਨਿਰਵਿਘਨ

ਕਨੈਕਸ਼ਨ ਵਿੱਚ ਘੱਟ ਪਛੜਨ ਅਤੇ ਘੱਟ ਰੁਕਾਵਟਾਂ ਦਾ ਅਨੁਭਵ ਕਰੋ

## ਆਪਣਾ ਧਿਆਨ ਖੁਦ ਰੱਖਦਾ ਹੈ

ਸਮੱਸਿਆਵਾਂ ਪੇਸ਼ ਆਉਣ 'ਤੇ ਅਤੇ ਕਈ ਵਾਰ ਉਹਨਾਂ ਦੇ ਆਉਣ ਤੋਂ ਪਹਿਲਾਂ ਹੀ ਸਾਡਾ ਨੈੱਟਵਰਕ ਉਹਨਾਂ ਨੂੰ ਟਰੈਕ ਕਰਕੇ ਠੀਕ ਕਰ ਦਿੰਦਾ ਹੈ!

*ਕਾਪਰ ਕੇਬਲ ਦੀ ਵਰਤੋਂ ਕਰਨ ਵਾਲੇ ਮਿਆਰੀ ਫਾਈਬਰ 'ਤੇ ਪ੍ਰਦਾਨ ਕੀਤੇ ਜਾਣ ਵਾਲੇ ਬ੍ਰੌਡਬੈਂਡ ਪੈਕੇਜਾਂ ਦੀ ਤੁਲਨਾ ਵਿੱਚ। ਹੋਰ ਜਾਣਕਾਰੀ ਲਈ cityfibre.com/details 'ਤੇ ਜਾਓ।

# ਆਓ ਤੁਹਾਨੂੰ ਕਨੈਕਸ਼ਨ ਪ੍ਰਦਾਨ ਕਰੀਏ — ਇਸ ਤੋਂ ਪਹਿਲਾਂ ਕਿ ਅਸੀਂ ਸ਼ੁਰੂਆਤ ਕਰੀਏ

**1.**



ਇਹ ਸੋਚੋ ਕਿ ਤੁਸੀਂ ਨਵਾਂ ਕਨੈਕਸ਼ਨ ਕਿੱਥੇ ਲਗਵਾਉਣਾ ਚਾਹੁੰਦੇ ਹੋ। ਤੁਹਾਡੇ ਉਪਕਰਣ ਨੂੰ ਜੋੜਨ ਲਈ ਸਾਨੂੰ ਉਸਦੇ ਨੇੜੇ ਦੋ ਪਲੱਗ ਸਾਕਟਾਂ ਦੀ ਲੋੜ ਪਵੇਗੀ।

**2.**




ਕੰਮ ਸ਼ੁਰੂ ਕਰਨ ਤੋਂ ਪਹਿਲਾਂ ਅਸੀਂ ਤੁਹਾਡੇ ਨਾਲ ਤੁਹਾਡੇ ਕਨੈਕਸ਼ਨ ਲਈ ਸਭ ਤੋਂ ਵਧੀਆ ਰੂਟ ਬਾਰੇ ਗੱਲ ਕਰਾਂਗੇ, ਤਾਂ ਜੋ ਤੁਹਾਨੂੰ ਤਸੱਲੀਬਖ਼ਸ਼ ਸਰਵਿਸ ਮਿਲੇ।

**3.**



ਇੰਸਟਾਲੇਸ਼ਨ ਦੌਰਾਨ ਕਿਰਪਾ ਕਰਕੇ ਪਾਲਤੂ ਜਾਨਵਰਾਂ ਅਤੇ ਬੱਚਿਆਂ ਨੂੰ ਕੰਮ ਵਾਲੇ ਖੇਤਰਾਂ ਤੋਂ ਦੂਰ ਰੱਖੋ।

# ਅਸੀਂ ਫੁੱਲ ਫਾਈਬਰ ਨੂੰ ਕਿਵੇਂ ਇੰਸਟਾਲ ਕਰਦੇ ਹਾਂ

### 4. ਉੱਪਰ-ਉੱਪਰ



ਅਸੀਂ ਤੁਹਾਡੇ ਘਰ ਦੇ ਨੇੜਲੇ ਟੈਲੀਗ੍ਰਾਫ ਖੰਭੇ ਤੋਂ ਇੱਕ ਕੇਬਲ ਤੁਹਾਡੇ ਘਰ ਦੀ ਬਾਹਰਲੀ ਕੰਧ ਤੋਂ ਹੇਠਾਂ ਵੱਲ ਪਹੁੰਚਾਉਂਦੇ ਹਾਂ।

### ਮੌਜੂਦਾ ਬੁਨਿਆਦੀ ਢਾਂਚੇ ਦੀ ਵਰਤੋਂ ਕਰਦੇ ਹੋਏ



ਜਾਂ ਅਸੀਂ ਤੁਹਾਡੇ ਘਰ ਦੀਆਂ ਮੌਜੂਦਾ ਜ਼ਮੀਨ ਦੇ ਹੇਠਾਂ ਦੀਆਂ ਪਾਈਪਾਂ ਰਾਹੀਂ ਕੇਬਲ ਪਹੁੰਚਾਉਂਦੇ ਹਾਂ।

### ਜ਼ਮੀਨ ਹੇਠ



ਜਾਂ ਅਸੀਂ ਤੁਹਾਡੇ ਘਰ ਤੱਕ ਕੇਬਲ ਲਈ ਛੋਟਾ ਜਿਹਾ ਰਾਹ ਬਣਾ ਕੇ ਕੇਬਲ ਪਹੁੰਚਾਉਂਦੇ ਹਾਂ।

# ਆਪਣੇ ਘਰ ਵਿੱਚ ਫਾਈਬਰ ਲਿਆਉਣਾ

**5.**



ਇੱਕ ਬਾਹਰੀ ਕਨੈਕਸ਼ਨ ਬਾਕਸ ਨੂੰ ਇੱਕ ਅੰਦਰੂਨੀ ਕਨੈਕਸ਼ਨ ਬਾਕਸ ਨਾਲ ਕਨੈਕਟ ਕਰਨ ਲਈ ਸਾਨੂੰ ਤੁਹਾਡੀ ਬਾਹਰੀ ਕੰਧ ਵਿੱਚੋਂ ਡ੍ਰਿਲ ਕਰਨ ਦੀ ਲੋੜ ਪਵੇਗੀ।

**6.**



ਤੁਹਾਡੇ ਰਾਊਟਰ ਦੇ ਕਨੈਕਟ ਹੋਣ ਤੋਂ ਬਾਅਦ, ਸਾਡੀ ਟੀਮ ਕਈ ਕਿਸਮ ਦੇ ਟੈਸਟ ਕਰਕੇ ਇਹ ਪੱਕਾ ਕਰੇਗੀ ਕਿ ਤੁਹਾਡਾ ਕਨੈਕਸ਼ਨ ਕੰਮ ਕਰਦਾ ਹੈ।

**7.**



ਕੰਮ ਪੂਰਾ ਹੋਣ ਤੋਂ ਬਾਅਦ ਅਸੀਂ ਸਾਫ਼-ਸਫਾਈ ਕਰਾਂਗੇ ਅਤੇ ਤੁਹਾਨੂੰ ਤੁਹਾਡਾ ਨਵਾਂ, ਤੇਜ਼ ਅਤੇ ਭਰੋਸੇਮੰਦ ਫੁੱਲ ਫਾਈਬਰ ਬ੍ਰੌਡਬੈਂਡ ਦੇ ਕੇ ਚਲੇ ਜਾਵਾਂਗੇ!

# ਜਦੋਂ ਅਸੀਂ ਇੰਸਟਾਲ ਕਰਦੇ ਹਾਂ, ਅਸੀਂ ਚੀਜ਼ ਦਾ ਧਿਆਨ ਰੱਖਦੇ ਹਾਂ

Trustpilot

CityFibre

ਰੀਵਿਊਜ਼ 14,143 • ਸ਼ਾਨਦਾਰ

4.5

ਸਰੋਤ: Trustpilot ਜੂਨ 2024.

## ਕੋਈ ਸਵਾਲ ਹੈ?